ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਸਿੰਘਾਂ ਵਾਸਤੇ ਮਾਇਆ ਦੇ ਪ੍ਰਭਾਵ ਤੋਂ ਬਚਣ ਲਈ
ਨਿੱਕੀਆਂ ਨਿੱਕੀਆਂ ਸਾਵਧਾਨੀਆਂ:

1) ਲੰਗਰ ਛਕਦੇ ਸਮੇਂ ਕੋਈ ਪਸੰਦੀਦਾ ਪਦਾਰਥ ਵਰਤ ਰਿਹਾ ਹੈ, ਉਹ ਹੋਵੇ ਵੀ ਸੁਆਦ ਅਤੇ ਮਿਲੇ ਵੀ ਘੱਟ ਤਾਂ ਸਿੰਘਾਂ ਨੇ ਉਹਦੇ ਸੁਆਦ ਨਾਲ ਨਹੀਂ ਚਿੰਬੜਣਾ, ਭਾਵ ਸੁਆਦ ਚੇਤੇ ਵਿੱਚ ਨਹੀਂ ਰੱਖਣਾ। ਕਿਉਂਕਿ 'ਸੁਆਦ' ਵੀ ਮਾਇਆ ਹੈ। ਜੇ ਛਕੇ ਪਦਾਰਥ ਦਾ ਸੁਆਦ ਹੀ ਯਾਦ ਰਹਿ ਗਿਆ ਤਾਂ, ਕੀਤੀ ਸੇਵਾ ਦਾ ਸ਼ੁਕਰਾਨਾ ਭੁੱਲ ਜਾਏਗਾ, ਸੁਆਦ ਯਾਦ ਰਹਿ ਜਾਏਗਾ। ਕਹਿਣ ਤੋਂ ਭਾਵ ਸੇਵਾ ਵਿੱਚ ਲੱਗਣ ਵਾਲੇ ਸਿੰਘਾਂ ਨੇ ਆਪਣੀ ਸੁਰਤ ਸੁਆਦਾਂ ਵਿੱਚ ਨਹੀਂ ਫਸਣ ਦੇਣੀ। ਕਿਉਂਕਿ 'ਮਾਇਆ' ਸਿੰਘਾਂ ਨੂੰ 'ਸੁਆਦ' ਰੂਪ ਹੋ ਕੇ ਢਾਹ ਸਕਦੀ ਹੈ, ਸਦਾ ਸਾਵਧਾਨ ਰਹਿਣਾ ਜੀ। ਪ੍ਰਸ਼ਾਦਾ-ਪਾਣੀ ਦਾਤ ਹੈ ਜੀ। ਪਰ ਉਦੋਂ ਹੀ ਜਦੋਂ ਆਪਾਂ ਭੁੱਖ ਨਾਲੋਂ ਘੱਟ ਅਤੇ ਲੋੜ ਅਨੁਸਾਰ ਛਕਾਂਗੇ।

2) ਸੇਵਾ ਵੇਲੇ ਆਪਣੀ ਹੋਈ ਗਲਤੀ ਨੂੰ ਮੰਨ ਲੈਣ ਵਿੱਚ ਬੜੀ ਭਲਿਆਈ ਹੈ। ਜੇ ਕੋਈ ਮਾੜੀ ਮੋਟੀ ਗੱਲ ਹੋਵੇ, ਤਾਂ ਓਸ ਗਲਬਾਤ ਦੀ ਜੇ ਭੁੱਲ ਮੰਨ ਵੀ ਲਵਾਂਗੇ ਤਾਂ ਅਗਲੀ ਸੇਵਾ ਵਿੱਚ ਮਾਇਆ ਨਹੀਂ ਵਰਤੇਗੀ। ਭਾਵ ਜੇ ਆਪਾਂ ਗਲਤੀ ਮੰਨ ਲਵਾਂਗੇ ਤਾਂ ਬਾਕੀ ਸਿੰਘਾਂ ਦੇ ਮਨ ਟਿਕਾਓ 'ਚ ਰਹਿਣਗੇ, ਜੇ ਨਹੀਂ ਮੰਨਾਂਗੇ ਤਾਂ ਮਾਇਆ 'ਖਿਝ' ਦਾ ਰੂਪ ਧਾਰ ਸਾਰੇ ਸਿੰਘਾਂ ਦੀ ਸੇਵਾ 'ਤੇ ਅਸਰ ਪਾਏਗੀ।

3) ਸਿੰਘ ਸਦਾ ਯਾਦ ਰੱਖਣ ਕਿ, ਸੰਗਤ ਨੇ ਓਵੇਂ ਹੀ ਕਰਨਾ ਹੈ, ਓਵੇਂ ਹੀ ਆਪਣੇ ਜੀਵਨ ਨੂੰ ਢਾਲਣਾ ਹੈ, ਜਿਵੇਂ ਸਿੰਘ ਸੰਗਤ ਸਾਹਮਣੇ ਬੈਠਣਗੇ, ਉਠਣਗੇ, ਚੱਲਣਗੇ, ਤੁਰਨਗੇ, ਵੇਖਣਗੇ, ਬੋਲਣਗੇ, ਸੁਣਨਗੇ, ਛਕਣਗੇ, ਤਾਬਿਆ ਆਉਣ/ਜਾਣਗੇ। ਜੇ ਸੇਵਾ ਵਿੱਚ ਲੱਗਣ ਵਾਲੇ ਸਿੰਘ ਸੰਗਤ ਵਿੱਚ ਉਠਦੇ, ਬੈਠਦੇ, ਤੁਰਦੇ, ਫਿਰਦੇ, ਛਕਦੇ-ਛਕਾਉਂਦੇ ਸਾਵਧਾਨਤਾ ਨਹੀਂ ਵਰਤਣਗੇ ਤਾਂ ਮਾਇਆ 'ਅਣਗਹਿਲੀ, ਲਾਪ੍ਰਵਾਹੀ, ਨਾਸਮਝੀ' ਦੇ ਰੂਪ ਵਿੱਚ ਸਿੰਘਾਂ ਨੂੰ ਆਕਰ ਮਿਲ ਸਕਦੀ ਹੈ।

4) ਅੰਮ੍ਰਿਤ ਵੇਲੇ ਜਾਂ ਨਿੱਤਨੇਮ ਵੇਲੇ ਕਦੇ ਇੱਕ ਦੂਜੇ ਨੂੰ ਫੂਨ ਕਰਨ ਨੂੰ, ਫੋਨ ਵੇਖਣ ਨੂੰ, ਮੈਸਜ ਕਰਨ ਨੂੰ ਜੀ ਕਰੇ ਤਾਂ ਸਮਝ ਲੈਣਾ ਮਾਇਆ ਘੇਰਾ ਪਾ ਰਹੀ ਹੈ। ਬੇਸ਼ਕ ਇਸ ਵੇਲੇ ਗੱਲ ਗੁਰਮਤਿ ਦੀ, ਗੁਰ ਸੇਵਾ ਦੀ, ਗੁਰੂ ਕੇ ਬਚਨਾਂ ਦੀ ਹੋਵੇ, ਪਰ ਫੋਨ ਰਾਹੀਂ ਬਹੁਤ ਬਰੀਕ ਰਸਤਾ ਹੈ ਮਾਇਆ ਦਾ ਅੰਮ੍ਰਿਤ ਵੇਲੇ ਸਿੱਖ ਨੂੰ ਘੇਰਨ ਦਾ।

5) ਸੰਗਤ ਵਿੱਚ ਜੇ ਕੋਈ ਬਹੁਤ ਵੱਡੀ ਮਜ਼ਬੂਰੀ ਵੱਸ ਚੌਂਕੜਾ ਨਹੀਂ ਲਗਾ ਸਕਦਾ ਤਾਂ ਕਦੇ ਵੀ ਆਪਣੇ ਮਨ ਅੰਦਰ ਇਹ ਫੁਰਨਾ ਨਾ ਬਣਾਓ ਕਿ ਜਿਵੇਂ ਮੈਂ ਜਾਂ ਬਾਕੀ ਸੰਗਤ ਚੌਂਕੜੇ ਵਿੱਚ ਬੈਠੀ ਹੈ, ਇਹਦੇ ਕੋਲੋਂ ਨਹੀਂ ਬੈਠ ਹੁੰਦਾ? ਜੇ ਤੁਸੀਂ ਸੰਗਤ ਵਿੱਚ ਚੌਂਕੜਾ ਲਗਾ ਰਹੇ ਹੋ ਤਾਂ ਇਹ ਤੁਸਾਂ ਦੇ ਚੰਗੇ ਕਰਮ ਨੇ। ਭਲਾ ਹੈ। ਪਰ ਜਿਹੜੇ ਸੰਗਤ ਵਿੱਚ ਚੌਂਕੜਾ ਨਹੀਂ ਲਗਾ ਸਕਦੇ ਤਾਂ ਤੁਸੀਂ ਉਹਨਾਂ ਨਾਲ ਬਹਿਸਣਾ ਨਹੀਂ, ਉਹਨਾਂ ਦੇ ਭਲੇ ਵਾਸਤੇ ਤੁਸੀਂ ਇੱਕ ਜਪੁਜੀ ਸਾਹਿਬ ਦਾ ਪਾਠ ਕਰਕੇ ਜਾਂ 20-25 ਮੂਲ ਮੰਤ੍ਰ ਜਾਂ ਗੁਰ ਮੰਤ੍ਰ ਦਾ ਸਿਮਰਨ ਕਰਕੇ ਗੁਪਤ ਅਰਦਾਸ ਕਰ ਦਿਓ। ਇਸ ਨਾਲ ਤੁਹਾਡਾ ਵੀ ਉਹਨਾਂ ਦਾ ਭਲਾ ਹੋਏਗਾ, ਪਰ ਜੇ ਤੁਸੀਂ ਉਹਨਾਂ ਦੇ ਸੰਗਤ ਵਿੱਚ ਹੇਠਾਂ ਨਾ ਬੈਠ ਸਕਣ ਦਾ ਫੁਰਨਾ ਬਣਾ ਲਿਆ, ਇੱਕ ਤਾਂ ਤੁਹਾਡੀ ਸੁਰਤ ਸ਼ਬਦ ਵਿੱਚ ਜੁੜਣ ਦੀ ਬਜਾਇ ਉਹਨਾਂ ਦੇ ਕੁਰਸੀ/ਬੈਂਚ 'ਤੇ ਬੈਠੇ ਹੋਣ ਵਿੱਚ ਹੀ ਫਸੀ ਰਹਿਣੀ, ਦੂਜਾ ਇਹ ਸੂਖਮ ਹਾਓਮੈ ਬਣ ਜਾਣੀ ਹੈ ਕਿ ਮੈਂ ਚੌਂਕੜਾ ਲਗਾਉਂਦਾ ਹਾਂ, ਤੀਜਾ ਇਹ ਵੀ ਹੋ ਸਕਦਾ ਕਿ ਗੁਰੂ ਪਾਤਸ਼ਾਹ ਤੁਹਾਡੇ ਤੋਂ ਸੰਗਤ ਵਿੱਚ ਬੈਠਣਾ ਜਾਂ ਚੌਂਕੜਾ ਹੀ ਵਾਪਿਸ ਲੈ ਲੈਣ। ਇਹ ਬਹੁਤ ਬਰੀਕੀ ਦੀ ਗੱਲ ਹੈ, ਇਸ ਨੂੰ ਤੁਸੀਂ ਆਪਣੇ ਅੰਦਰ ਬੈਠਕੇ ਸਮਝਣਾ ਪਵੇਗਾ।

6) ਕਦੇ ਵੀ ਇਹ ਨਹੀਂ ਕਿਸੇ ਕੋਲ ਰੌਲ਼ਾ ਪਾਉਣਾ ਕਿ ਮੈਂ ਐਨੇ ਵਜ੍ਹੇ ਉਠਦਾ ਹਾਂ, ਐਨੀ ਸੇਵਾ ਕਰਦਾ ਹਾਂ। ਜੇ ਜੱਥੇ ਦੇ ਰੂਪ ਵਿੱਚ ਸੇਵਾ ਕਰਦੇ ਹੋ ਤਾਂ ਕਦੇ ਨਹੀਂ ਕਹਿਣਾ ਅਸੀਂ ਜੱਥੇ ਵਿੱਚ ਐਨੀ ਸੇਵਾ ਕਰਦੇ ਹਾਂ, ਇਹ ਵੀ ਬਹੁਤ ਬਰੀਕ ਹਾਉਮੈ ਹੈ। ਹਮੇਸ਼ਾਂ ਕਹਿਣਾ ਕਿ ਸਤਿਗੁਰਾਂ ਨੇ ਬਾਂਹ ਫੜੀ ਹੋਈ ਹੈ, ਤੁਸੀਂ ਅਰਦਾਸ ਕਰਿਓ ਬੱਸ ਇਸੇ ਤਰ੍ਹਾਂ ਬਾਂਹ ਫੜੀ ਰੱਖਣ।

7) ਕੋਈ ਪੁੱਛੇ ਕਿੰਨਾ ਨਿੱਤਨੇਮ ਕਰਦੇ ਹੋ ਤਾਂ ਕਹਿਣਾ ਭਾਈ ਤੁਸੀਂ ਨਿੱਤਨੇਮ ਕਰਦੇ ਹੋ, ਤੁਸੀਂ ਸਾਡੇ ਲਈ ਅਰਦਾਸ ਕਰੋ, ਅਸੀਂ ਵੀ ਨਿੱਤਨੇਮ ਕਰਨ ਲੱਗ ਜਾਈਏ। ਕੋਈ ਪੁੱਛੇ ਕਿੰਨੇ ਵਜ਼ੇ ਬੈਠਦੇ ਹੋ ਤਾਂ ਹੱਥ ਜੋੜ ਕਹਿਣਾ, ਭਾਈ ਤੁਸੀਂ ਹਜ਼ੂਰੀ ਬੈਠਦੇ ਹੋ, ਤੁਸੀਂ ਸਾਡੇ ਲਈ ਅਰਦਾਸ ਕਰਨੀ, ਸਾਨੂੰ ਬੈਠਣ ਦੀ ਸੋਝੀ ਆ ਜਾਵੇ, ਅਸੀਂ ਵੀ ਬੈਠ ਸਕੀਏ।

8) ਕੋਈ ਕਹੇ ਕਿ ਤੁਸੀਂ ਗੁਰੂ ਪਾਤਸ਼ਾਹ ਜੀ ਦੇ ਬਹੁਤ ਨੇੜੇ ਹੋ, ਸਾਡੇ ਲਈ ਇਹ ਅਰਦਾਸ ਕਰ ਦਿਓ। ਤਾਂ ਝੱਟ ਕਹਿਣਾ ਕਿ ਦੱਸੋ ਭਾਈ ਕਿਹੜੀ ਅਰਦਾਸ ਕਰਨੀ ਹੈ, ਜਦੋਂ ਉਹ ਪ੍ਰਾਣੀ ਬੋਲਕੇ ਸਾਰਾ ਦੱਸ ਦੇਵੇਗਾ ਕਿ ਇਹ ਅਰਦਾਸ ਕਰਨੀ ਹੈ ਤਾਂ ਝੱਟ ਕਹਿਣਾ ਭਾਈ, ਲਓ ਜੀ ਗੁਰੂ ਸਾਹਿਬ ਜੀ ਤਾਂ ਤੁਹਾਨੂੰ ਪਿਆਰ ਹੀ ਬੜਾ ਕਰਦੇ ਨੇ, ਤੁਸੀਂ ਤਾਂ ਆਪਣੀ ਅਰਦਾਸ ਕਰ ਵੀ ਲਈ ਹੈ, ਉਹਨਾਂ ਝੱਟ ਸੁਣ ਵੀ ਲਈ ਹੈ, ਹੁਣ ਇੰਜ ਕਰਨਾ ਤੜਕੇ ਉਠਕੇ ਇੱਕ ਜਪੁਜੀ ਸਾਹਿਬ ਦਾ ਪਾਠ ਕਰਕੇ, ਜਾਂ 25-30 ਮਿੰਟ ਵਾਹਿਗੁਰੂ ਸਿਮਰਨ ਕਰਕੇ ਤੁਸੀਂ ਇੰਜ ਹੀ ਇੰਨਾ ਕੁ ਬੋਲ ਦਿਆ। ਇੰਜ ਆਪਣੇ ਅੰਦਰ ਹਾਓਮੈ ਨਹੀਂ ਆਏਗੀ ਕਿ ਮੈਂ ਅਰਦਾਸ ਕੀਤੀ ਹੈ, ਦੂਜਾ ਜਿਸਨੇ ਅਰਦਾਸ ਕਰਵਾਉਣੀ ਸੀ, ਉਹ ਆਪਣੇ ਨਾਲ ਨਹੀਂ ਸਿੱਧਾ ਗੁਰੂ ਪਾਤਸ਼ਾਹ ਜੀ ਨਾਲ ਹੀ ਜੁੜੇਗਾ।

9) ਜੇ ਕਿਸੇ ਦੇ ਭਲੇ ਵਾਸਤੇ, ਕਿਸੇ ਸਿੰਘਜੀ ਨੇ ਕਿਸੇ ਨੂੰ ਕੋਈ ਬਚਨ ਕਰ ਵੀ ਦਿੱਤਾ ਤਾਂ ਕਦੇ ਉਹ ਯਾਦ ਨਹੀਂ ਰੱਖਣਾ ਕਿ ਉਹਨੂੰ ਮੈਂ ਹੀ ਇੰਜ ਕਿਹਾ ਸੀ ਤਾਂ ਉਹਦਾ ਇਹ ਕਾਰਜ ਹੋਇਆ, ਤਾਂ ਹੀ ਉਹ ਸੇਵਾ ਨਾਲ ਜਾਂ ਅੰਮ੍ਰਿਤ ਵੇਲੇ ਨਾਲ ਜੁੜਿਆ। ਕੋਈ ਭਲੇ ਦਾ, ਪਰਉਪਕਾਰ ਦਾ ਕੰਮ ਕਰਕੇ ਨਾਲ ਹੀ ਭੁੱਲਣਾ ਵੀ ਹੈ।

10) ਅੰਮ੍ਰਿਤ ਸੰਚਾਰ ਦੀ ਸੇਵਾ ਵਿੱਚ ਜਿੱਥੇ ਵੀ ਸੇਵਾ ਲੱਗੇ, ਜਿਹੜੀ ਵੀ ਸੇਵਾ ਲੱਗੇ, ਉਸੇ ਸੇਵਾ ਵਿੱਚ ਖੁਸ਼ੀ ਮਨਾਉਣੀ ਹੈ। ਕਦੇ ਵੀ ਇਹ ਜ਼ਿਦ ਨਹੀਂ ਕਰਨੀ ਕਿ ਮੈਂ ਤਾਂ ਆਹੀ ਸੇਵਾ ਕਰਨੀ ਸੀ, ਮੈਂ ਤਾਂ ਓਹੀ ਸੇਵਾ ਕਰਨੀ ਸੀ। ਸੇਵਾ ਦਾ ਚਾਹੇ ਕਿਣਕਾ ਹੀ ਮਿਲੇ, ਉਸੇ ਵਿੱਚ ਖੁਸ਼ੀ ਮਨਾਉਣੀ ਹੈ। ਕਈ ਵਾਰ ਸਿਹਤ ਕਰਕੇ ਕੋਈ ਮਜ਼ਬੂਰੀ ਹੋ ਸਕਦੀ ਹੈ, ਕੋਈ ਵੀ ਮਜ਼ਬੂਰੀ ਹੋਵੇ ਤਾਂ ਗੱਲ ਵੱਖਰੀ ਹੈ, ਪਰ ਜਾਣਬੁੱਝ ਕੇ ਸੇਵਾ ਲਈ ਜ਼ਿਦ ਨਹੀਂ ਕਰਨੀ।

11) ਸੇਵਾ ਕਰਕੇ, ਬਾਣੀ ਪੜ੍ਹਕੇ ਕਦੇ ਅੰਦਰ ਇਹ ਫੁਰਨਾ ਨਹੀਂ ਬਣਾਉਂਣਾ ਕਿ ਮੈਂ ਸੇਵਾ ਕੀਤੀ ਤਾਂ ਐਨਾ ਸੋਹਣਾ ਰੰਗ ਬਣਿਆ। ਸੇਵਾ ਲੱਗਣ ਤੋਂ ਬਾਅਦ ਜਿਹੜਾ ਵੀ ਅਨੰਦ ਮਿਲੇ, ਉਸ ਰੰਗ ਦਾ ਅੰਦਰੋ ਅੰਦਰ ਵਾਹਿਗੁਰੂ ਤੇਰਾ ਸ਼ੁਕਰ ਹੈ, ਵਾਹਿਗੁਰੂ ਤੇਰਾ ਸ਼ੁਕਰਾ, ਹੇ ਵਾਹਿਗੁਰੂ ਮੇਰਾ ਕਿਛੁ ਵੀ ਨਹੀਂ, ਇਹ ਤਾਂ ਸਭ ਤੇਰੀ ਖੇਡ ਹੈ, ਤੇਰੀ ਦਇਆ ਮਿਹਰ ਹੈ। ਆਪਣੇ ਬੱਚੇ ਨੂੰ ਮੈਂ/ਮੇਰੀ ਤੋਂ ਬਚਾ ਕੇ ਰੱਖਣਾ। ਕਦੇ ਇਹ ਨਹੀਂ ਸੋਚਣਾ ਕਿ ਅਸੀਂ ਇੰਜ ਸੇਵਾ ਕਰਦੇ ਹਾਂ, ਇਹ ਬਖਸ਼ਿਸ਼ ਕੇਵਲ ਸਾਡੇ ਕਰਕੇ ਹੀ ਹੈ। ਇਹ ਹਾਓਮੈ ਦਾ ਸਭ ਤੋਂ ਵੱਡਾ ਘੇਰਾ ਹੈ।

12) ਜਦ ਆਪਾਂ ਸੰਗਤ ਵਿੱਚ ਹੁੰਦੇ ਹਾਂ ਤਾਂ ਜਿਹੜਾ ਵੀ ਰੰਗ ਬਣਦਾ ਹੈ ਤਾਂ ਉਹ ਸੰਗਤ ਦੀ ਬਦੌਲਤ ਬਣਦਾ ਹੈ ਨਾ ਕਿ ਕਿਸੇ ਇੱਕ ਸਰੀਰ ਕਰਕੇ। ਸੰਗਤ ਵਿੱਚ ਕਦੇ ਇੱਕ ਸਰੀਰ ਨੂੰ ਮੁੱਖ ਨਹੀਂ ਰੱਖਣਾ, ਹਮੇਸ਼ਾਂ ਸੰਗਤ ਵਿੱਚ ਵਰਤੀ ਕਲਾ ਨੂੰ ਸੰਗਤ ਉਪਰ ਮਿਹਰ ਸਮਝਣਾ ਹੈ। ਭਾਵ ਜੇ ਸੰਗਤ ਵਿੱਚ ਸੁਰਤ ਜੁੜਦੀ ਹੈ, ਸੰਗਤ ਵਿੱਚ ਕਥਾ/ਕੀਰਤਨ/ਸਿਮਰਨ ਦਾ ਅਨੰਦ ਮਿਲਦਾ ਹੈ ਤਾਂ ਕਦੇ ਇਹ ਨਹੀਂ ਮੰਨਣਾ ਕਿ ਮੈਂ ਇੰਜ ਕੀਤਾ, ਤਾਂ ਇੰਜ ਹੋਇਆ। ਹਮੇਸ਼ਾਂ ਸੰਗਤ ਨੂੰ ਅੱਗੇ ਰੱਖਣਾ ਹੈ।

13) ਅੰਮ੍ਰਿਤ ਸੰਚਾਰ ਵੇਲੇ ਕਲਾ ਪੰਜਾਂ ਪਿਆਰਿਆਂ ਵਿੱਚ ਵਰਤਦੀ ਹੈ, ਕਿਸੇ ਇੱਕ ਸਰੀਰ ਵਿੱਚ ਨਹੀਂ। ਸਰੀਰਕ-ਲੈਵਲ ਤਾਂ ਉਦੋਂ ਬਿਲਕੁੱਲ ਖਤਮ ਹੁੰਦਾ ਹੈ। ਪੰਜਾਂ ਦੀ ਸੇਵਾ ਵਿੱਚ ਵਰਤਦੀ ਕਲਾ ਨੂੰ ਕਦੇ ਵੀ ਸਰੀਰਕ ਪੱਧਰ ਤੱਕ ਹੀ ਨਹੀਂ ਰੱਖਣਾ। ਸੰਗਤ ਵਿੱਚ ਸੇਵਾ/ਸਿਮਰਨ/ਕਥਾ ਕੀਤਰਨ ਅਤੇ ਅੰਮ੍ਰਿਤ ਸੰਚਾਰ ਵਿੱਚ ਵਰਤਦੀ ਹਰ ਨਿੱਕੀ ਤੋਂ ਨਿੱਕੀ ਅਤੇ ਵੱਡੀ ਵੱਡੀ ਕਲਾ ਨੂੰ ਸਮਝਣ ਲਈ ਸਾਨੂੰ ਆਪਣਾ ਚੌਂਕੜਾ, ਸੇਵਾ ਸਿਮਰਨ ਵਧਾਉਣਾ ਪਵੇਗਾ।

13) ਸੇਵਾ ਚਾਹੇ ਸੰਗਤ ਵਿੱਚ ਹੋਵੇ, ਚਾਹੇ ਅੰਮ੍ਰਿਤ ਸੰਚਾਰ ਵਿੱਚ ਅਤੇ ਚਾਹੇ ਹੋਵੇ ਨਗਰ ਕੀਰਤਨ ਵਿੱਚ, ਸੇਵਾ ਤੋਂ ਬਾਅਦ ਵੀ ਘੱਟੋ ਘੱਟ 3/4 ਘੰਟੇ ਆਪਣੀ ਸੁਰਤ ਸੇਵਾ ਨਾਲ ਹੀ ਜੋੜਕੇ ਰੱਖਣੀ ਹੈ। ਸੇਵਾ ਲਗਾਉਣ ਤੋਂ ਬਾਅਦ ਮਾਇਆ ਦਾ ਬਹੁਤ ਵੱਡਾ ਘੇਰਾ

ਆਪਣੇ ਆਲੇ ਦੁਆਲੇ ਪਸਰ ਜਾਂਦਾ ਹੈ, ਮਾਇਆ ਦਾ ਪੂਰਾ ਜੋਰ ਲੱਗਾ ਹੁੰਦਾ ਹੈ ਕਿ ਸੇਵਕਾਂ ਦੀ ਜੁੜੀ ਸੁਰਤ ਨੂੰ ਹੁਣ ਤੋੜਿਆ ਜਾਵੇ, ਫਿਰ ਉਹ ਪਹਿਲਾ ਹਮਲਾ 15)ਥਕਾਵਟ ਰੂਪ ਵਿੱਚ, ਦੂਜਾ ਹਮਲਾ ਭੁੱਖ-ਪਿਆਸ ਰੂਪ ਵਿੱਚ, ਤੀਜਾ ਹਮਲਾ ਮਾਇਆ ਛੇਤੀ ਵਾਪਿਸ ਮੁੜਣ ਦਾ, ਚੌਥਾ ਹਮਲਾ ਸੁਸਤੀ, ਉਬਾਸੀਆਂ ਅਤੇ ਨੀਂਦ ਰੂਪ ਵਿੱਚ, ਪੰਜਵਾਂ ਹਮਲਾ ਲੰਗਰ ਦੇ ਸੁਆਦਲੇ ਪਦਾਰਥਾਂ ਵਿੱਚ ਅਤੇ ਸਭ ਤੋਂ ਵੱਡਾ ਹਮਲਾ ਮਾਇਆ ਨੇ ਹਾਸੇ ਰੂਪ ਅਤੇ ਗੱਲਾਂ ਰੂਪ ਵਿੱਚ ਕਰਨਾ ਹੈ।

14) ਜਦ ਵੀ ਸੇਵਾ ਤੋਂ ਬਾਅਦ ਆਪਣਾ ਮਨ ਗੁਰੂ ਕੇ ਬਚਨ ਸਾਂਝੇ ਕਰਨ ਦੀ ਬਜਾਇ, ਕੀਰਤਨ ਸੁਣਨ ਦੀ ਬਜਾਇ, ਸਿਮਰਨ ਕਰਨ ਦੀ ਬਜਾਇ, ਬਾਣੀ ਪੜ੍ਹਣ ਦੀ ਬਜਾਇ ਐਧਰ ਓਧਰਲੀਆਂ ਗੱਲਾਂ ਵੱਲ ਨੂੰ ਭੱਜੇ, ਖਾਸ ਕਰਕੇ ਸੇਵਾ ਤੋਂ ਬਾਅਦ ਹਾਸਾ ਛਿੜ ਜਾਵੇ ਤਾਂ ਸਮਝ ਲੈਣਾ ਸਤਿਗੁਰਾਂ ਨੇ ਜਿਹੜੀ ਮਹਾਨ ਕ੍ਰਿਪਾ ਕੀਤੀ ਸੀ, ਆਪਾਂ ਸੰਭਾਲ ਨਹੀਂ ਸਕੇ, ਮਾਇਆ ਜਿੱਤ ਗਈ ਹੈ। ਇਹ ਗੱਲਾਂ ਬਹੁਤ ਬਰੀਕ ਨੇ, ਇਹਨਾਂ ਨੂੰ ਸਮਝਣ ਲਈ ਅੰਦਰ ਬਹੁਤ ਡੂੰਘਾ ਉਤਰਨਾ ਪਵੇਗਾ।

15) ਸੰਗਤ ਵਿਚ ਜੇ ਕਿਸੇ ਨੇ ਸਾਡੀ ਸੇਵਾ ਵੇਖਕੇ ਸਾਬਾਸ਼ ਦੇ ਦਿੱਤੀ, ਕੋਈ ਸਿਫਤ ਕਰ ਦਿੱਤੀ, ਕੋਈ ਮਾਣ ਸਤਿਕਾਰ ਦੇ ਦਿੱਤਾ ਤਾਂ ਇਸ ਨੂੰ ਗੁਰੂ ਦੀ ਕ੍ਰਿਪਾ ਸਮਝਕੇ, ਨਾਲ ਹੀ ਕਹਿ ਦੇਣਾ, ਹੇ ਵਾਹਿਗੁਰੂ ਜੀ ਇਹ ਮਾਣ-ਵਡਿਆਈ, ਜਿੰਨਾ ਵੀ ਮਾਣ ਸਤਿਕਾਰ ਹੋਇਆ, ਸਭ ਤੇਰੀ ਸੇਵਾ ਦਾ, ਤੇਰਾ ਆਪਣਾ ਹੀ ਹੋਇਆ ਹੈ, ਸਾਡਾ ਇਸ ਵਿੱਚ ਕੋਈ ਰੋਲ ਨਹੀਂ।

16) ਜਿਸ ਦਿਨ ਸੰਗਤ ਵਿੱਚੋਂ, ਸੇਵਾ ਵਿੱਚੋਂ ਝਿੜਕਾਂ ਮਿਲਣ ਤਾਂ ਸਮਝ ਲੈਣਾ ਤੁਹਾਡੀ ਰੁਕੀ ਅਵਸਥਾ ਨੂੰ ਸਾਹਿਬ ਜੀ ਅੱਗੇ ਵਧਾਉਣਾ ਚਾਹੁੰਦੇ ਨੇ, ਨੀਵੇਂ ਹੋ ਕੇ ਖੁਸ਼ੀ ਨਾਲ ਆਪਣੇ ਵੱਡਿਆਂ ਕੋਲੋਂ ਝਿੜਕਾਂ ਆਪਣੀ ਝੋਲੀ ਪਵਾ ਲੈਣੀਆਂ।

17) ਜਿੱਥੇ ਵੀ ਸੇਵਾ ਲੱਗੇ, ਹੱਥ ਜੋੜ ਸਤਿਬਚਨ ਕਹਿਣਾ ਹੈ, ਕਦੇ ਵੀ ਇਹ ਨਹੀਂ ਕਹਿਣਾ ਮੈਂ ਆਹ ਸੇਵਾ ਨਹੀਂ, ਆਹੀ ਸੇਵਾ ਕਰਨੀ ਹੈ, ਇੰਜ ਸਾਹਿਬ ਜੀ ਦੀ ਖੁਸ਼ੀ ਪਿੱਛੇ ਹੋ ਜਾਏਗੀ, ਮੈਂ/ਮੇਰੀ ਅੱਗੇ ਆ ਜਾਏਗੀ।

18) ਸ੍ਰੀ ਅਕਾਲ ਪੁਰਖ ਵਾਹਿਗੁਰੂ ਜੀ ਦੇ ਸੇਵਕਾਂ ਨੂੰ ਮਾਇਆ ਬਹੁਤ ਰੂਪਾਂ ਵਿੱਚ ਘੇਰਦੀ ਹੈ, ਜੇ ਸੇਵਾ ਲਗਾਤਾਰ ਚੱਲੀ ਜਾਵੇ ਤਾਂ ਮਾਇਆ ਦਾ ਪਹਿਲਾ ਹਮਲਾ, ਖਿਝ ਰੂਪ ਵਿੱਚ ਹੁੰਦਾ ਹੈ। ਫਿਰ ਇਸ ਖਿਝ ਨੇ ਕ੍ਰੋਧ ਦਾ ਰੂਪ ਧਾਰਨਾ ਹੈ, ਫਿਰ ਇਹੀ ਕ੍ਰੋਧ ਚੰਡਾਲ ਦਾ ਐਸਾ ਰੂਪ ਬਣਦਾ ਹੈ ਕਿ ਸਾਡੇ ਅੰਦਰ ਖਿੜਿਆ ਸੇਵਾ ਦਾ ਬਾਗ ਹੀ ਉਜੜ ਜਾਂਦਾ ਹੈ। ਅੰਦਰੋਂ ਪ੍ਰੇਮ ਤੋਂ ਸੱਖਣੇ ਹੋ ਜਾਵਾਂਗੇ। ਜੇ ਅੰਦਰੋਂ ਪ੍ਰੇਮ ਤੋਂ ਸੱਖਣੇ ਹੋ ਕੇ ਸੇਵਾ ਕੀਤੀ ਤਾਂ ਕੀ ਕੀਤੀ? ਸੇਵਾ ਜਦੋਂ ਵੀ ਕਰਨੀ ਹੈ, ਵੱਡਿਆਂ ਦੇ ਹੁਕਮ ਨੂੰ ਧੁਰੋਂ ਆਇਆ ਹੁਕਮ ਸਮਝਕੇ ਪੂਰੀ ਖੁਸ਼ੀ ਨਾਲ ਕਰਨੀ ਹੈ।

19) ਮਾਇਆ ਕਦੇ ਵੀ ਆਪਾਂ ਨੂੰ ਸੇਵਾ ਦੀਆਂ ਬਰੀਕੀਆਂ ਅਤੇ ਖੇਡਾਂ ਨਹੀਂ ਸਮਝ ਆਉਣ ਦੇਵੇਗੀ। ਜਿਵੇਂ ਮਾਇਆ ਕਦੇ ਵੀ ਆਪਾਂ ਨੂੰ ਪੂਰੀ ਫਤਹਿ ਨਹੀਂ ਬੁਲਾਉਣ ਦੇਵੇਗੀ, ਕਿਉਂਕਿ ਆਪਸ ਵਿੱਚ ਗੁਰ-ਫਤਹਿ ਦੀ ਸਾਂਝ ਪਾਉਣੀ ਵੀ ਸਿਮਰਨ ਹੈ। ਮਾਇਆ ਗੁਰੂ ਕੇ ਸਿੱਖਾਂ ਨੂੰ ਇਹ ਬਰੀਕੀ ਕਦੇ ਸਮਝ ਨਹੀਂ ਆਉਣ ਦੇਵੇਗੀ।

20) ਬੋਲਦੇ, ਸੁਣਦੇ, ਖਾਂਦੇ-ਪੀਂਦੇ, ਤੁਰਦੇ, ਉਠਦੇ ਬੈਠਦੇ ਜੇ ਬਹੁਤ ਕਾਹਲੀ ਹੁੰਦੀ ਹੈ ਤਾਂ ਸਮਝ ਲੈਣਾ ਅੰਦਰੋਂ ਸਹਿਜ ਘਟ ਰਿਹਾ ਹੈ, ਕਾਹਲ ਵਧ ਰਹੀ ਹੈ। ਫੁਰਤੀ ਅਤੇ ਕਾਹਲੀ ਵਿੱਚ ਬੜਾ ਅੰਤਰ ਹੈ। ਸੇਵਾ ਸਮੇਂ ਫੁਰਤੀ ਵੀ ਰੱਖਣੀ ਹੈ।

21) ਜੇ ਸੇਵਾ ਤੋਂ ਬਾਅਦ ਜਾਂ ਪਹਿਲਾਂ ਫੁੱਲਾਂ ਦੀ ਵਰਖਾ ਹੋਵੇ, ਕੋਈ ਵੱਡਾ ਮਾਣ ਸਨਮਾਨ ਮਿਲੇ ਤਾਂ ਇਸ ਮਾਣ ਵਡਿਆਈ ਤੋਂ ਸਦਾ ਬਚਕੇ ਰਹਿਣਾ। ਪੰਥ ਵੱਲੋਂ ਇਹ ਮਾਣ ਸਤਿਕਾਰ ਸੇਵਾ ਦਾ, ਸਤਿਗੁਰਾਂ ਵੱਲੋਂ ਬਖਸ਼ੇ ਦਾ ਬਾਣੇ ਦਾ ਕੀਤਾ ਗਿਆ ਹੁੰਦਾ ਹੈ ਨਾ ਕਿ ਸਰੀਰਾਂ ਦਾ। ਸੋ ਸਦਾ ਯਾਦ ਰੱਖਣਾ ਕਿ ਮਾਇਆ ਨੇ ਸਿੰਘਾਂ ਨੂੰ ਇਸ ਤਰ੍ਹਾਂ ਦੀ ਮਾਣ ਵਡਿਆਈ ਰਾਹੀਂ ਵੀ ਘੇਰਨਾ ਹੈ। ਕਿਉਂਕਿ ਜਦ ਐਸੀ ਮਾਣ ਵਡਿਆਈ ਇੱਕ ਥਾਂ ਮਿਲ ਜਾਵੇ,

ਦੂਜੀ ਥਾਂ ਨਾ ਮਿਲੇ ਤਾਂ ਮਨ ਅੰਦਰ, ਮਾਣ ਵਡਿਆਈ ਨਾ ਮਿਲਣ ਦਾ ਫੁਰਨਾ ਆ ਸਕਦਾ ਹੈ। ਇਸ ਤੋਂ ਬਚਣਾ ਹੈ। ਜਿੱਥੋਂ ਮਾਣ ਵਡਿਆਈ ਮਿਲੇ ਤਾਂ ਸੰਪੂਰਨਤਾ ਦੀ ਅਰਦਾਸ ਵਿੱਚ ਕਹਿਣਾ: ਦਸਮ ਪਿਤਾ ਜੀ, ਸੰਗਤਾਂ ਵੱਲੋਂ ਜੋ ਵੀ ਮਾਣ ਸਤਿਕਾਰ ਬਖਸ਼ਿਆ ਗਿਆ ਹੈ, ਇਹ ਸਾਰਾ ਆਪ ਜੀ ਨੂੰ ਜਾਂਦਾ ਹੈ। ਆਪ ਜੀ ਦਾ ਮਾਣ ਸਤਿਕਾਰ ਆਪ ਜੀ ਨੂੰ ਹੀ ਸੋਭਦਾ ਹੈ। ਸੇਵਕਾਂ ਨੂੰ ਇਸ ਤਰ੍ਹਾਂ ਦੀ ਮਾਣ-ਵਡਿਆਈ ਤੋਂ ਸਦਾ ਬਚਾ ਕੇ ਰੱਖਣਾ।